**ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥ ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥੧॥ ਰਹਾਉ ॥ ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥ ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥੧॥ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥ ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥੨॥੬॥ {ਪੰਨਾ 1124}**

ਪਦਅਰਥ:- ਨਉਬਤਿ ਬਜਾਇ—ਹਕੂਮਤ ਦਾ ਨਗਾਰਾ ਵਜਾ ਕੇ, ਹਕੂਮਤ ਕਰ ਕੇ। ਚਲੇ—ਤੁਰ ਪਏ। ਇਤਨਕੁ ਖਟੀਆ—ਮਾਇਆ ਇਤਨੀ ਕਮਾਈ। ਗਠੀਆ—ਗੰਢਾਂ ਬੰਨ੍ਹ ਲਈਆਂ। ਮਟੀਆ—ਮਿੱਟੀ ਵਿਚ (ਦੱਬ ਰੱਖੀ)।1। ਰਹਾਉ।

ਦਿਹਰੀ—ਦਲੀਜ਼। ਮਿਹਰੀ—ਮਹਿਲੀ, ਵਹੁਟੀ। ਦੁਆਰੈ—ਬਾਹਰਲੇ ਦਰਵਾਜ਼ੇ ਤਕ। ਮਾਇ—ਮਾਂ। ਮਰਹਟ—ਮਰਘਟ, ਮਸਾਣ। ਹੰਸੁ—ਜਿੰਦ।1।

ਵੈ—ਉਹ। ਬਿਤ—ਧਨ। ਪੁਰ—ਨਗਰ। ਪਾਟਨ—ਸ਼ਹਿਰ। ਬਹੁਰਿ—ਫਿਰ ਕਦੇ। ਆਇ—ਆ ਕੇ। ਕੀ ਨ—ਕਿਉਂ ਨਹੀਂ? ਅਕਾਰਥ—ਵਿਅਰਥ।2।

ਅਰਥ:- ਮਨੁੱਖ (ਜੇ ਰਾਜਾ ਭੀ ਬਣ ਜਾਏ ਤਾਂ ਭੀ) ਥੋੜ੍ਹੇ ਹੀ ਦਿਨ ਰਾਜ ਮਾਣ ਕੇ ਇੱਥੋਂ) ਤੁਰ ਪੈਂਦਾ ਹੈ। ਜੇ ਇਤਨਾ ਧਨ ਭੀ ਜੋੜ ਲਏ ਕਿ ਗੰਢਾਂ ਬੰਨ੍ਹ ਲਏ, ਜ਼ਮੀਨ ਵਿਚ ਦੱਬ ਰੱਖੇ, ਤਾਂ ਭੀ ਕੋਈ ਚੀਜ਼ (ਅੰਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ।1। ਰਹਾਉ।

(ਜਦੋਂ ਮਰ ਜਾਂਦਾ ਹੈ ਤਾਂ) ਘਰ ਦੀ ਦਲੀਜ਼ ਉੱਤੇ ਬੈਠੀ ਵਹੁਟੀ ਰੋਂਦੀ ਹੈ, ਬਾਹਰਲੇ ਬੂਹੇ ਤਕ ਉਸ ਦੀ ਮਾਂ (ਉਸ ਦੇ ਮੁਰਦਾ ਸਰੀਰ ਦਾ) ਸਾਥ ਕਰਦੀ ਹੈ, ਮਸਾਣਾਂ ਤਕ ਹੋਰ ਲੋਕ ਤੇ ਪਰਵਾਰ ਦੇ ਬੰਦੇ ਜਾਂਦੇ ਹਨ। ਪਰ ਜਿੰਦ ਇਕੱਲੀ ਹੀ ਜਾਂਦੀ ਹੈ।1।

ਉਹ (ਆਪਣੇ) ਪੁੱਤਰ, ਧਨ, ਨਗਰ ਸ਼ਹਿਰ ਮੁੜ ਕਦੇ ਆ ਕੇ ਨਹੀਂ ਵੇਖ ਸਕਦਾ। ਕਬੀਰ ਆਖਦਾ ਹੈ—(ਹੇ ਭਾਈ!) ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ? (ਸਿਮਰਨ ਤੋਂ ਬਿਨਾ) ਜੀਵਨ ਵਿਅਰਥ ਚਲਾ ਜਾਂਦਾ ਹੈ।2।6।

ਸ਼ਬਦ ਦਾ ਭਾਵ:- ਅਸਾਰਤਾ—ਧਨ, ਹਕੂਮਤ, ਪੁੱਤਰ, ਇਸਤ੍ਰੀ ਆਦਿਕ ਸਭ ਨਾਲੋਂ ਆਖ਼ਰ ਸਾਥ ਟੁੱਟ ਜਾਂਦਾ ਹੈ। ਇਹਨਾਂ ਦੇ ਮੋਹ ਵਿਚ ਹੀ ਫਸੇ ਰਹਿਣ ਨਾਲ ਜੀਵਨ ਵਿਅਰਥ ਜਾਂਦਾ ਹੈ।